ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੋਵਿੰਗ
CONTACT RAJ : 021874730, 021874702, 0800 253 2687
www.redcleaning.co.nz

31 May 2019 Daily, editornztasveer@gmail.com designnztasveer@gmail.com Ph/Fax: 09 390 4644 FREE

### ਸਿਆਸਤ ਨੂੰ ਅਪਰਾਧ ਮੁਕਤ ਕਰਨ ਦੀਆਂ ਕੋਸ਼ਿਸ਼ਾਂ ਫਿਰ ਨਾਕਾਮ

# ਲੋਕਤੰਤਰ ਦੇ ਮੰਦਰ 'ਚ ਪੁੱਜੇ 233 ਦਾਗ਼ੀ ਸਾਂਸਦ ਪੁੱਜੇ

ਨਵੀਂ ਦਿੱਲੀ : ਸਿਆਸਤ ਨੂੰ ਅਪਰਾਧ ਮੁਕਤ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ 17ਵੀਂ ਲੋਕ ਸਭਾ ਵਿਚ ਲੋਕਤੰਤਰ ਦੇ ਮੰਦਰ ਵਿਚ ਪਹੁੰਚਣ ਵਾਲਿਆਂ ਵਿਚ ਦਾਗ਼ੀ ਉਮੀਦਵਾਰਾਂ ਨੇ ਰਿਕਾਰਡ ਬਣਾਇਆ ਹੈ। ਇਸ ਵਾਰ ਸੰਸਦ ਵਿਚ ਪਹੁੰਚਣ ਵਾਲੇ ਨੇਤਾਵਾਂ ਵਿਚੋਂ 233 (43 ਫੀਸਦੀ) ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਉਥੇ ਹੀ 2014 ਵਿਚ 185 ਦਾਗ਼ੀ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਸੀ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ. ਡੀ. ਆਰ.) ਨੇ 3 ਸੰਸਦ ਮੈਂਬਰਾਂ ਦੇ ਹਲਫਨਾਮੇ ਵਿਚ ਸਾਫ ਜਾਣਕਾਰੀ ਨਾ ਮਿਲਣ 'ਤੇ 539 ਚੁਣੇ ਹੋਏ ਸੰਸਦ ਮੈਂਬਰਾਂ ਦੇ ਸਹੁੰ ਚੁੱਕ ਪੱਤਰਾਂ ਦਾ ਵਿਸ਼ਲੇਸ਼ਣ ਕੀਤਾ। ਇਨ੍ਹਾਂ ਵਿਚੋਂ ਜੇਤੂ ਉਮੀਦਵਾਰਾਂ ਵਿਚੋਂ 159 (29 ਫੀਸਦੀ) ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ। ਇਨ੍ਹਾਂ ਵਿਚ ਜਬਰ-ਜਨਾਹ, ਹੱਤਿਆ, ਹੱਤਿਆ ਦੀ ਕੋਸ਼ਿਸ਼, ਅਗਵਾ ਅਤੇ ਔਰਤਾਂ ਵਿਰੁੱਧ ਅਪਰਾਧ ਸ਼ਾਮਲ ਹਨ। ਭਾਜਪਾ ਦੇ 301 ਸੰਸਦ ਮੈਂਬਰਾਂ ਵਿਚੋਂ 116, ਕਾਂਗਰਸ ਦੇ 51 ਵਿਚੋਂ 29, ਡੀ. ਐੱਮ. ਕੇ. ਦੇ 23 ਵਿਚੋਂ 10, ਏ. ਆਈ. ਟੀ. ਸੀ. ਦੇ 22 ਵਿਚੋਂ 10 ਅਤੇ ਜਦ (ਯੂ) ਦੇ 16



ਵਿਚੋਂ 13 ਸੰਸਦ ਮੈਂਬਰਾਂ 'ਤੇ ਅਪਰਾਧਿਕ ਮਾਮਲੇ ਦਰਜ ਹਨ।

**ਦੁਬਾਰਾ ਚੁਣੇ ਸੰਸਦ ਮੈਂਬਰਾਂ ਦੀ ਜਾਇਦਾਦ ਵਿਚ 29 ਫੀਸਦੀ ਵਾਧਾ**

17ਵੀਂ ਲੋਕ ਸਭਾ ਵਿਚ ਦੁਬਾਰਾ ਚੁਣੇ ਗਏ 225 ਸੰਸਦ ਮੈਂਬਰਾਂ ਦੀ 5 ਸਾਲ ਦੀ ਜਾਇਦਾਦ ਵਿਚ ਵਾਧੇ ਦਾ ਮੁਲਾਂਕਣ ਕੀਤਾ ਗਿਆ। 2014 ਵਿਚ ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 17.07 ਕਰੋੜ ਸੀ ਜੋ 2019 ਵਿਚ 21.94 ਕਰੋੜ 'ਤੇ ਪਹੁੰਚ ਗਈ।

**ਕੇਰਲ ਤੋਂ ਕਾਂਗਰਸੀ ਸੰਸਦ ਮੈਂਬਰ 'ਤੇ 204 ਮਾਮਲੇ ਦਰਜ**

ਏ. ਡੀ. ਆਰ. ਦੇ ਸਰਵੇ ਵਿਚ 10 ਸੰਸਦ ਮੈਂਬਰਾਂ ਨੇ ਤਾਂ ਅਪਰਾਧਿਕ ਮਾਮਲਿਆਂ ਵਿਚ ਸਜ਼ਾ ਹੋਣ ਤਕ ਦੀ ਗੱਲ ਸਵੀਕਾਰੀ ਹੈ। ਇਨ੍ਹਾਂ ਵਿਚੋਂ 5 ਭਾਜਪਾ, 4 ਕਾਂਗਰਸ ਅਤੇ 1 ਵਾਈ. ਐੱਸ. ਆਰ. ਕਾਂਗਰਸ ਵਲੋਂ ਸੰਸਦ ਮੈਂਬਰ ਹੈ। ਇਨ੍ਹਾਂ ਵਿਚੋਂ 4 ਕੇਰਲ, 2 ਮੱਧ ਪ੍ਰਦੇਸ਼, ਇਕ-ਇਕ ਉਮੀਦਵਾਰ ਉਤਰ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਤੋਂ ਹੈ। ਕਾਂਗਰਸ ਵਲੋਂ ਕੇਰਲ ਦੇ ਇਡੁੱਕੀ ਸੀਟ ਤੋਂ ਜਿੱਤੇ ਡੀਨ ਕੁਰਿਕਯਾਕੋਸੇ 'ਤੇ ਕੁਲ 204 ਮਾਮਲੇ ਦਰਜ ਹਨ।

**3 ਉਪਰ ਜਬਰ-ਜਨਾਹ ਦਾ ਕੇਸ**

30 ਸੰਸਦ ਮੈਂਬਰਾਂ ਨੇ ਹਲਫਨਾਮੇ ਵਿਚ ਹੱਤਿਆ ਦੀ ਕੋਸ਼ਿਸ਼ ਦੇ ਕੇਸ ਦਰਜ ਹੋਣ ਦੀ ਜਾਣਕਾਰੀ ਦਿੱਤੀ ਹੈ, ਉਥੇ ਹੀ 19 ਸੰਸਦ ਮੈਂਬਰਾਂ ਨੇ ਔਰਤਾਂ ਵਿਰੁੱਧ ਅਪਰਾਧ ਦੀ ਜਾਣਕਾਰੀ ਦਿੱਤੀ ਹੈ। ਇਨ੍ਹਾਂ ਵਿਚੋਂ 3 ਨੇ ਜਬਰ-ਜਨਾਹ ਦੀ ਜਾਣਕਾਰੀ ਦਿੱਤੀ ਹੈ। 6 'ਤੇ ਅਗਵਾ ਦੇ ਕੇਸ ਦਰਜ ਹਨ।

**475 ਸੰਸਦ ਮੈਂਬਰ ਕਰੋੜਪਤੀ**

17ਵੀਂ ਲੋਕ ਸਭਾ ਵਿਚ 475 ਉਮੀਦਵਾਰ ਕਰੋੜਪਤੀ ਹਨ, ਜੋ ਕਿ ਸੰਸਦ ਵਿਚ ਪਹੁੰਚੇ ਹਨ। ਇਨ੍ਹਾਂ ਵਿਚੋਂ ਪਾਰਟੀ ਅਨੁਸਾਰ ਭਾਜਪਾ ਦੇ ਸਭ ਤੋਂ ਜ਼ਿਆਦਾ 265, ਕਾਂਗਰਸ ਦੇ 43, ਡੀ. ਐੱਮ. ਕੇ. ਦੇ 22, ਏ. ਆਈ. ਟੀ. ਸੀ. ਦੇ 20, ਵਾਈ. ਐੱਸ. ਆਰ. ਕਾਂਗਰਸ ਦੇ 19 ਅਤੇ ਐੱਸ. ਐੱਚ. ਐੱਸ. ਦੇ 18 ਸੰਸਦ ਮੈਂਬਰ ਸ਼ਾਮਲ ਹਨ। ਉਥੇ ਹੀ ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 20.93 ਕਰੋੜ ਹੈ।

**ਪਾਰਟੀਆਂ ਅਨੁਸਾਰ ਔਸਤ ਜਾਇਦਾਦ**

ਪਾਰਟੀਆਂ ਅਨੁਸਾਰ ਭਾਜਪਾ ਸੰਸਦ ਮੈਂਬਰਾਂ ਦੀ 14.52 ਕਰੋੜ, ਕਾਂਗਰਸ ਦੇ ਸੰਸਦ ਮੈਂਬਰਾਂ ਦੀ 38.71 ਕਰੋੜ, ਡੀ. ਐੱਮ. ਕੇ. ਦੇ ਸੰਸਦ ਮੈਂਬਰਾਂ ਦੀ 24.51 ਕਰੋੜ, ਵਾਈ. ਐੱਸ. ਆਰ. ਕਾਂਗਰਸ ਦੇ ਸੰਸਦ ਮੈਂਬਰਾਂ ਦੀ 54.85 ਕਰੋੜ, ਏ. ਆਈ. ਟੀ. ਸੀ. ਦੇ ਸੰਸਦ ਮੈਂਬਰਾਂ ਦੀ 6.15 ਕਰੋੜ ਔਸਤ ਜਾਇਦਾਦ ਹੈ। ਮੱਧ ਪ੍ਰਦੇਸ਼ ਦੀ ਛਿੰਦਵਾੜਾ ਸੀਟ ਤੋਂ ਸੰਸਦ ਮੈਂਬਰ ਨਕੁਲ ਨਾਥ ਦੀ ਸਭ ਤੋਂ ਜ਼ਿਆਦਾ 660 ਕਰੋੜ ਦੀ ਜਾਇਦਾਦ ਹੈ। ਉਥੇ ਹੀ ਸਭ ਤੋਂ ਘੱਟ ਆਂਧਰਾ ਪ੍ਰਦੇਸ਼ ਦੀ ਆਰਕਿਊ ਸੀਟ ਤੋਂ ਵਾਈ. ਐੱਸ. ਆਰ. ਦੇ ਸੰਸਦ ਮੈਂਬਰ ਗੋਦਿਤੀ ਮਦਾਹਾਵੀ ਦੀ 1.4 ਲੱਖ ਹੈ।

**15 ਸੂਬਿਆਂ ਦੇ ਸਾਰੇ ਸੰਸਦ ਮੈਂਬਰ ਕਰੋੜਪਤੀ**

ਸੂਬਿਆਂ ਅਨੁਸਾਰ ਪੰਜਾਬ, ਦਿੱਲੀ, ਮਹਾਰਾਸ਼ਟਰ ਅਤੇ ਹਿਮਾਚਲ ਪ੍ਰਦੇਸ਼ ਸਣੇ 15 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਚੁਣੇ ਗਏ ਸਾਰੇ ਸੰਸਦ ਮੈਂਬਰ ਕਰੋੜਪਤੀ ਹਨ। ਓਡਿਸ਼ਾ ਤੋਂ ਸਭ ਤੋਂ ਘੱਟ (67 ਫੀਸਦੀ) ਕਰੋੜਪਤੀ ਸੰਸਦ ਮੈਂਬਰ ਚੁਣੇ ਗਏ ਹਨ। 17ਵੀਂ ਲੋਕ ਸਭਾ ਲਈ ਚੁਣੇ ਗਏ ਸੰਸਦ ਮੈਂਬਰਾਂ ਦੀ ਔਸਤ ਜਾਇਦਾਦ ਦੀ ਕੁਲ ਕੀਮਤ 20.93 ਕਰੋੜ ਰੁਪਏ ਮਿਥੀ ਗਈ ਹੈ।

**ਕੇਰਲ ਦੇ 90 ਫੀਸਦੀ ਸੰਸਦ ਮੈਂਬਰ ਦਾਗ਼ੀ**

ਅਪਰਾਧਿਕ ਮਾਮਲਿਆਂ ਵਿਚ ਕੇਰਲ ਤੋਂ 90 ਫੀਸਦੀ, ਬਿਹਾਰ ਤੋਂ 82 ਫੀਸਦੀ, ਪੱਛਮੀ ਬੰਗਾਲ ਤੋਂ 55 ਫੀਸਦੀ, ਉਤਰ ਪ੍ਰਦੇਸ਼ ਤੋਂ 56, ਮਹਾਰਾਸ਼ਟਰ ਤੋਂ 58, ਗੁਜਰਾਤ ਤੋਂ 15 ਅਤੇ ਸਭ ਤੋਂ ਘੱਟ ਛੱਤੀਸਗੜ੍ਹ ਤੋਂ 9 ਫੀਸਦੀ ਦਾਗੀ ਸੰਸਦ ਮੈਂਬਰ ਚੁਣੇ ਗਏ।

## ਤਨਖਾਹਾ ਦੇ ਵਾਧੇ ਨੂੰ ਲੈ ਕੇ ਅਧਿਆਪਕਾਂ ਨੇ ਹਿਲਾਇਆ ਨਿਊਜੀਲੈਂਡ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਤਨਖਾਹ ਵਿੱਚ ਵਾਧਾ ਕਰਨ ਅਤੇ ਬਿਹਤਰ ਕੰਮਕਾਜੀ ਸਥਿਤੀਆਂ ਦੀ ਮੰਗ ਕਰਨ ਲਈ ਕਰੀਬ 50,000 ਅਧਿਆਪਕਾਂ ਨੇ ਪੂਰੇ ਨਿਊਜੀਲੈਂਡ ਵਿੱਚ ਮਾਰਚ ਕੱਢਿਆ ਹੈ। ਨਿਊਜ਼ੀਲੈਂਡ ਵਿੱਚ ਇਹ ਸਭ ਤੋਂ ਵੱਡੀ ਅਧਿਆਪਕਾਂ ਦੀ ਹੜਤਾਲ ਕਿਹਾ ਗਿਆ ਹੈ ਅਤੇ ਇਹ ਪਹਿਲੀ ਵਾਰ ਹੈ ਜਦੋਂ ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ ਕਰਮਚਾਰੀਆਂ ਨੇ ਇਕੋ ਸਮੇਂ ਹੜਤਾਲ ਕੀਤੀ ਹੈ। ਅਧਿਆਪਕਾਂ ਨੇ ਸਰਕਾਰ ਦੀ 1.2 ਬਿਲੀਅਨ ਡਾਲਰ ਦੀ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਹੈ, ਪਰ ਸਿੱਖਿਆ ਮੰਤਰੀ ਕ੍ਰਿਸ ਹਿਪੀਕੰਸ ਨੇ ਦੱਸਿਆ ਕਿ ਸਰਕਾਰ ਨੇ ਇਸ ਦਿਸ਼ਾ ਵਿਚ ਆਪਣਾ ਬਜਟ ਕਾਇਮ ਰੱਖਿਆ ਹੈ ਕਿ ਹੁਣ ਕੋਈ ਵਾਧੂ ਪੈਸਾ ਅਰੇਂਜ ਕਰਨਾ ਵਾਕਿ ਹੀ ਔਖਾ ਹੈ। ਅੱਜ ਦੀ ਹੜਤਾਲ ਨੇ ਪੂਰੇ ਨਿਊਜੀਲੈਂਡ ਵਿੱਚ ਕਾਫੀ ਚੀਜਾਂ ਨੂੰ ਪ੍ਰਭਾਵਿਤ ਕੀਤਾ ਹੈ ਜਿਵੇਂ ਕਿ ਬੱਚਿਆਂ ਦੀ ਪੜਾਈ, ਆਉਣ ਜਾਣ ਵਾਲੇ ਮੁਸਾਫਰ ਆਦਿ। ਹੜਤਾਲ ਨਿਊਜੀਲੈਂਡ ਦੇ ਸਾਰੇ ਹੀ ਮੁੱਖ ਸ਼ਹਿਰਾਂ, ਕਸਬਿਆਂ ਵਿੱਚ ਕੀਤੀ ਗਈ। ਆਕਲੈਂਡ, ਵਲਿੰਗਟਨ, ਹੈਮਿਲਟਨ, ਕ੍ਰਾਈਸਚਰਚ, ਆਦਿ ਮੁੱਖ ਸ਼ਹਿਰਾਂ ਵਿੱਚ ਇਸ ਦਾ ਵੱਡਾ ਅਸਰ ਵੇਖਣ ਨੂੰ ਮਿਲਿਆ।

## ਨਿਊਜੀਲੈਂਡ ਔਰਤ ਨੇ ਆਪਣੇ ਮਾਰੇ ਗਏ ਬੱਚਿਆਂ ਦੇ ਕਾਤਲ ਨੂੰ ਮਿਲੀ ਸਜਾ 'ਤੇ ਨਿਰਾਸ਼ਾ ਜਿਤਾਈ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਦੋ ਬੱਚਿਆਂ ਦੀ ਕਾਰ ਐਕਸੀਡੈਂਟ ਵਿੱਚ ਮਾਰੇ ਜਾਣ ਤੋਂ ਬਾਅਦ ਅੱਜ ਉਸ ਡਰਾਈਵਰ ਨੂੰ ਵਲਿੰਗਟਨ ਦੀ ਇੱਕ ਅਦਾਲਤ ਨੇ ਸਜਾ ਸੁਣਾਈ ਜਿਸ ਨੂੰ ਲੈ ਕੇ ਮਾਰੇ ਗਏ ਬੱਚਿਆਂ ਦੀ ਮਾਂ ਨੇ ਡਾਹਢੀ ਨਿਰਾਸ਼ਾ ਜਿਤਾਈ ਹੈ। ਪਿਛਲੇ ਸਾਲ ਗੁੱਡ ਫਰਾਈਡੇਅ ਵਾਲੇ ਦਿਨ Sia Mosaferi ਅਤੇ ਉਸ ਦਾ ਪਤੀ Mohy Sharifi ਵਲਿੰਗਟਨ 'ਚ Desert Road 'ਤੇ ਇੱਕ ਲਾਈਟ ਪੁਆਇੰਟ 'ਤੇ ਖੜੇ ਸਨ। ਇੱਕ ਟਰੱਕ ਨੇ ਉਨ੍ਹਾਂ ਦੀ ਗੱਡੀ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ ਜਿਸ ਵਿੱਚ Sia Mosaferi ਅਤੇ Mohy Sharifi ਦੇ ਦੋ ਪੁੱਤਰ, 4 ਸਾਲਾ Arteen ਅਤੇ ਉਸਦਾ 10 ਮਹੀਨੇ ਦਾ ਭਰਾ Radeen were ਮਾਰੇ ਗਏ। ਇਹ ਦੋਵੇਂ ਬੱਚੇ ਕਾਰ ਦੀ ਪਿਛਲੀ ਸੀਟ 'ਤੇ ਸਨ। ਟਰੱਕ ਨੂੰ 71 ਸਾਲਾ John Baptiste Bar-ber, ਨਾਮ ਦਾ ਵਿਅਕਤੀ ਚਲਾ ਰਿਹਾ ਸੀ। ਮੁਢਲੀ ਪੜਤਾਲ ਦੌਰਾਨ ਇੱਹ ਗੱਲ ਸਾਹਮਣੇ ਆਈ ਸੀ ਕਿ John Baptiste Barber ਉਸ ਵਕਤ ਤਿੰਨ



ਦਿਨ ਦਾ ਥੱਕਿਆ ਹੋਇਆ ਸੀ ਅਤੇ ਉਹ ਲਗਾਤਾਰ ਗੱਡੀ ਚਲਾ ਰਿਹਾ ਸੀ। ਪੁਲਿਸ ਨੇ ਉਸਨੂੰ ਗ੍ਰਿਫਤਾਰ ਕੀਤਾ ਅਤੇ ਅੱਜ Taupo ਜਿਲਾ ਅਦਾਲਤ ਨੇ ਉਸਨੂੰ 3 ਮਹੀਨੇ ਕਮਿਊਨਿਟੀ ਹਿਰਾਸਤ ਵਿੱਚ ਰੱਖਣ,150ਘੰਟੇ ਕਮਿਊਨਿਟੀ ਕੰਮ ਕਰਨ ਅਤੇ 12 ਮਹੀਨੇ ਲਈ ਗੱਡੀ ਚਲਾਉਣ ਤੋਂ ਆਯੋਗ ਕਰਾਰ ਦਿੱਤਾ ਗਿਆ ਹੈ। ਪਰ ਬੱਚਿਆਂ ਦੀ ਮਾਂ ਨੇ ਕਿਹਾ ਕਿ ਉਹ ਹੈਰਾਨ ਹੈ ਕਿ ਇੰਨੇ ਵੱਡੇ ਅਪਰਾਧ ਲਈ ਇੰਨੀ ਘੱਟ ਸਜਾ ਕਿਵੇਂ ਸੁਣਾਈ ਜਾ ਸਕਦੀ ਹੈ। ਉਸ ਨੇ ਕਿਹਾ ਕਿ ਅਸੀਂ ਪਿਛਲੇ ਇੱਕ ਸਾਲ ਤੋਂ ਬਹੁਤ ਔਖੇ ਸਮੇਂ 'ਚੋਂ ਗੁਜਰ ਰਹ ਹਾਂ। ਅਸੀਂ ਆਪਣੇ ਦੋ ਸੁੰਦਰ ਬੱਚਿਆਂ ਨੂੰ ਖੋਇਆ ਹੈ। ਉਸ ਨੇ ਕਿਹਾ ਕਿ ਕੋਈ ਵੀ ਸਜਾ ਮੇਰੇ ਬੱਚਿਆਂ ਨੂੰ ਵਾਪਿਸ ਤਾਂ ਨਹੀਂ ਲਿਆ ਸਕਦੀ ਪਰ ਮੈਨੂੰ ਇਹ ਸਜਾ ਇੱਕ ਅਪਮਾਨ ਵਾਂਗ ਲੱਗ ਰਹੀ ਹੈ। ਇਸ ਨਾਲ ਸਾਡਾ ਦਰਦ ਦੂਹਰਾ ਹੋ ਗਿਆ ਹੈ। Sia Mosaferi ਨੇ ਕਿਹਾ ਕਿ ਜੱਜ ਨੇ ਇਹ ਤਾਂ ਵੇਖ ਲਿਆ ਕਿ ਡਰਾਈਵਰ ਥੱਕਿਆ ਹੋਇਆ ਸੀ ਪਰ ਉਸ ਨੂੰ ਸਾਡਾ ਦਰਦ ਦਿਖਾਈ ਨਹੀਂ ਦਿੱਤਾ। ਉਸ ਨੇ ਕਿਹਾ ਸਾਡਾ ਭਰੋਸਾ ਨਿਆ ਪ੍ਰਣਾਲੀ ਤੋਂ ਉੱਠ ਗਿਆ ਗਿਆ ਹੈ। ਜਿਕਰਯੋਗ ਹੈ ਕਿ ਨਿਊਜੀਲੈਂਡ 'ਚ ਪਿਛਲੇ ਕੁੱਝ ਸਮੇਂ 'ਚ ਸੜਕਾਂ 'ਤੇ ਮੌਤਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ। ਇਸ ਸਾਲ ਹੁਣ ਤੱਕ ਨਿਊਜ਼ੀਲੈਂਡ ਦੀਆਂ ਸੜਕਾਂ 'ਤੇ 160 ਮੌਤਾਂ ਹੋ ਚੁੱਕੀਆਂ ਹਨ, ਜਦਕਿ ਪੂਰੇ 2018 ਵਿੱਚ 377 ਮੌਤਾਂ ਹੋਈਆਂ ਹਨ।

## ਅਧਿਆਪਕਾਂ ਦੀ ਹੜਤਾਲ ਕਾਰਨ ਨਿਊਜੀਲੈਂਡ ਮਾਪੇ ਬੱਚਿਆਂ ਨੂੰ ਖੁਦ ਪੜਾਉਣ ਲਈ ਮਜਬੂਰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ 'ਚ ਅਧਿਆਪਕਾਂ ਦੀ ਹੜਤਾਲ ਕਾਰਨ ਅੱਜ ਲੱਖਾਂ ਮਾਪੇ ਪਰੇਸ਼ਾਨੀ ਵਿੱਚ ਘਿਰੇ ਹੋਏ ਹਨ। ਇਨ੍ਹਾਂ ਵਿੱਚ ਖਾਸ ਤੌਰ 'ਤੇ ਨੌਕਰੀ ਪੇਸ਼ਾ ਨੂੰ ਹੋਰ ਵੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਤੇ ਉਹ ਬੱਚਿਆਂ ਨੂੰ ਖੁਦ ਹੀ ਪੜਾਉਣ ਦਾ ਯਤਨ ਕਰ ਰਹੇ ਹਨ। ਵੈਲਿੰਗਟਨ ਦੀ ਰਹਿਣ ਵਾਲੀ ਐਮਾ ਹੈਰਿਸ ਨੇ ਇਕ ਦਿਨ ਕੰਮ ਤੋਂ ਛੁੱਟੀ ਲੈ ਲਈ ਤਾਂ ਕਿ ਉਹ ਬੱਚਿਆਂ ਨੂੰ ਪੜਾ ਸਕੇ। ਉਸਨੇ ਕਿਹਾ ਕਿ ਉਸਨੂੰ ਆਪਣੇ ਕੰਮ ਤੋਂ ਬੜੀ ਮੁਸ਼ਕਿਲ ਨਾਲ ਛੁੱਟੀ ਮਿਲੀ ਹੈ। ਅਤੇ ਨਿਊਜੀਲੈਂਡ ਅਧਿਆਪਕਾਂ ਦੀ ਹੜਤਾਲ ਦੇ ਖਤਮ ਹੋਣ ਦਾ ਵੀ ਅਜੇ ਤੱਕ ਕੋਈ ਪਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਅਧਿਆਪਕਾਂ ਦੀ ਹੜਤਾਲ ਦਾ ਸਮਰਥਨ ਤਾਂ ਕਰਦੇ ਹਨ, ਪਰ ਬੱਚਿਆਂ ਦੀ ਪੜਾਈ ਦਾ ਨੁਕਸਾਨ ਬਹੁਤ ਜਿਆਦਾ ਹੋ ਰਿਹਾ ਹੈ ਜਿਸ ਕਰਕੇ ਉਹ ਚਿੰਤਤ ਵੀ ਹਨ।



## ਦੁਬਈ ਚ ਭਾਰਤੀ ਨੇ ਜਿੱਤੀ 7 ਕਰੋੜ ਰੁਪਏ ਦੀ ਲਾਟਰੀ, ਕਰਨਾ ਚਾਹੁੰਦੈ ਹੜ੍ਹ ਪੀੜਤਾਂ ਦੀ ਮਦਦ

ਜ਼ਰਾ ਸੋਚੋ, ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋਵੇਗਾ, ਜਦੋਂ ਤੁਸੀਂ ਨੀਂਦ ਤੋਂ ਜਾਗੋ ਅਤੇ ਤੁਹਾਨੂੰ ਫੋਨ ਆਵੇ ਕਿ ਤੁਸੀਂ ਕਰੋੜਪਤੀ ਬਣ ਗਏ ਹੋ। ਅਜਿਹਾ ਹੀ ਕੁਝ ਹੋਇਆ ਦੁਬਈ 'ਚ ਰਹਿਣ ਵਾਲੇ ਭਾਰਤੀ ਮੂਲ ਦੇ ਕੁਮਾਰ ਨਾਲ ਜਿਨ੍ਹਾਂ ਨੇ ਦੁਬਈ 'ਚ 7 ਕਰੋੜ ਰੁਪਏ ਦੀ ਲਾਟਰੀ ਜਿੱਤੀ ਹੈ। ਕੇਰਲ ਦੇ ਕੁਮਾਰ ਆਪਣੀ ਪਤਨੀ ਨਾਲ ਕਈ ਸਾਲਾਂ ਤੋਂ ਦੁਬਈ 'ਚ ਰਹਿ ਰਹੇ ਹਨ। ਕੁਮਾਰ ਨੇ ਦੁਬਈ ਡਿਊਟੀ ਫ੍ਰੀ ਲਾਟਰੀ ਖਰੀਦੀ ਸੀ। ਕੁਮਾਰ ਦੁਬਈ ਦੇ ਇਕ ਪ੍ਰਾਈਵੇਟ ਫਰਮ 'ਚ ਫਾਈਨਾਂਸ ਮੈਨੇਜਰ ਦੀ ਨੌਕਰੀ ਕਰ ਰਹੇ ਹਨ। ਉਨ੍ਹਾਂ ਨੂੰ ਦੁਬਈ ਡਿਊਟੀ ਫ੍ਰੀ ਅਥਾਰਿਟੀ ਤੋਂ ਫੋਨ ਆਇਆ, ਜਿਸ ਦੌਰਾਨ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਨੇ ਜੈਕਪਾਟ ਜਿੱਤਿਆ ਹੈ। ਪਰ ਕੁਮਾਰ ਨੂੰ ਪਹਿਲਾਂ ਤਾਂ ਉਨ੍ਹਾਂ ਦੀਆਂ ਗੱਲਾਂ 'ਤੇ ਭਰੋਸਾ ਨਹੀਂ ਹੋਇਆ। ਕੁਮਾਰ ਨੂੰ ਯਾਦ ਸੀ ਕਿ ਉਸ ਨੇ ਕੂਪਨ ਖਰੀਦਿਆ ਸੀ ਪਰ ਉਹ ਜਿੱਤ ਜਾਣਗੇ ਇਸ ਗੱਲ ਦਾ ਉਸ ਨੇ ਕਦੇ ਅੰਦਾਜ਼ਾ ਵੀ ਨਹੀਂ ਲਗਾਇਆ ਸੀ। ਕੁਮਾਰ ਨੂੰ ਜਦ ਪਤਾ ਚੱਲਿਆ ਕਿ ਉਸ ਨੇ 1 ਮਿਲੀਅਨ ਡਾਲਰ ਦਾ ਇਨਾਮ ਜਿੱਤਿਆ ਹੈ ਤਾਂ ਉਸ ਨੂੰ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਰਮਜਾਨ ਦੇ ਪਵਿੱਤਰ ਮਹੀਨੇ 'ਚ 7 ਕਰੋੜ ਰੁਪਏ ਦਾ ਲਾਟਰੀ ਜਿੱਤ ਕੇ ਉਹ ਬੇਹੱਦ ਖੁਸ਼ ਹਨ। ਉਹ ਆਪਣੇ ਇਨਾਮ ਦੀ ਰਾਸ਼ੀ ਨੂੰ ਕੇਰਲ 'ਚ ਹੜ੍ਹ ਪੀੜਤਾਂ ਦੀ ਮਦਦ ਲਈ ਖਰਚ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਪਹਿਲਾ ਮੌਕਾ ਹੈ ਜਦ ਕਿਸੇ ਮਲਯਾਲੀ ਜਾਂ ਭਾਰਤੀ ਨੇ ਦੁਬਈ ਡਿਊਟੀ ਫ੍ਰੀ ਦੀ ਲਾਟਰੀ ਜਿੱਤੀ ਹੈ। ਤੁਹਾਨੂੰ ਦੱਸ ਦੇਈਏ ਕਿ ਡੀ.ਡੀ.ਐੱਫ. 1999 ਤੋਂ ਹੀ ਲੋਕਾਂ ਨੂੰ ਲੱਕੀ ਡਰਾਅ ਰਾਹੀਂ ਕਰੋੜਪਤੀ ਬਣਾਉਂਦਾ ਰਿਹਾ ਹੈ।

